ਸ਼੍ਰੇਣੀ-ਬਾਰ੍ਹਵੀਂ

ਵਿਸ਼ਾ-ਡਿਫੈਂਸ ਸਟੱਡੀਜ਼ (ਮਾਡਲ ਟੈਸਟ ਪੇਪਰ)

ਸਮਾਂ-3 ਘੰਟੇ ਕੁੱਲ ਅੰਕ - 80

ਨੋਟ-ਪ੍ਰਸ਼ਨ ਪੱਤਰ ਵਿੱਚ ਕੁੱਲ ਚਾਰ ਭਾਗ ੳ, ਅ, ੲ, ਅਤੇ ਸ ਹਨ ਅਤੇ ਸਾਰੇ ਭਾਗ ਕਰਨੇ ਲਾਜ਼ਮੀ ਹਨ।

1. ਭਾਗ (ੳ) ਵਿੱਚ ਕੁੱਲ 32 ਬਹੁ-ਵਿਕਲਪੀ ਪ੍ਰਸ਼ਨ ਹਨ, ਹਰੇਕ ਪ੍ਰਸ਼ਨ 1 - ਅੰਕ ਦਾ ਹੈ। 32×1=32
2. ਭਾਗ (ਅ) ਵਿੱਚ ਕੁੱਲ 4 ਪ੍ਰਸ਼ਨ ਹਨ, ਹਰੇਕ ਪ੍ਰਸ਼ਨ 2 - ਅੰਕ ਦਾ ਹੈ। 4×2=8
3. ਭਾਗ (ੲ) ਵਿੱਚ ਕੁੱਲ 5 ਪ੍ਰਸ਼ਨ ਹਨ, ਹਰੇਕ ਪ੍ਰਸ਼ਨ 3 - ਅੰਕ ਦਾ ਹੈ। 5×3=15
4. ਭਾਗ (ਸ) ਵਿੱਚ ਕੁੱਲ 5 ਪ੍ਰਸ਼ਨ ਹਨ, ਹਰੇਕ ਪ੍ਰਸ਼ਨ 5 - ਅੰਕ ਦਾ ਹੈ। 5×5=25

ਭਾਗ - ੳ

*ਪ੍ਰਸ਼ਨ-1: ਇਸ ਭਾਗ ਵਿੱਚ ਕੁੱਲ 32 ਬਹੁ-ਵਿਕਲਪੀ ਪ੍ਰਸ਼ਨ ਹਨ ।*

i : ਭਾਰਤ ਦੀਆਂ ਤਿੰਨ ਸੇਨਾਵਾਂ (ਜਲ ਸੈਨਾ, ਥਲ ਸੈਨਾ ਅਤੇ ਵਾਯੂ ਸੈਨਾ) ਦਾ ਸਰਵ-ਉੱਚ ਕਮਾਂਡਰ ਕੌਣ ਹੁੰਦਾ ਹੈ ?

(ੳ) ਰਾਸ਼ਟਰਪਤੀ (ਅ) ਉੱਪ ਰਾਸ਼ਟਰਪਤੀ (ੲ) ਪ੍ਰਧਾਨ ਮੰਤਰੀ (ਸ) ਰੱਖਿਆ ਮੰਤਰੀ

ii : "ਨੀਤੀ ਦੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਲਈ ਸੈਨਿਕ ਸਾਧਨਾਂ ਨੂੰ ਵੰਡਣ ਦੀ ਕਲਾ ਹੀ ਯੁੱਧਨੀਤੀ ਅਖਵਾਉਂਦੀ ਹੈ।" ਇਹ ਪ੍ਰੀਭਾਸ਼ਾ ਕਿਸਨੇ ਦਿੱਤੀ ਸੀ ?

(ੳ) ਕੈਪਟਨ ਲਿਡਿਲ ਹਾਰਟ (ਅ) ਜਨਰਲ ਕਲਾਜਵਿਟਜ਼ (ੲ) ਜਨਰਲ ਮੋਲਟਕੇ (ਸ) ਜਨਰਲ ਆਂਦਰੇ ਬੋਫਰੇ

iii : "ਯੁੱਧ ਜੰਗੀ ਚਾਲਾਂ ਦਾ ਕਾਰਜ ਖੇਤਰ ਹੈ" ਇਹ ਕਿਸਦੀ ਪ੍ਰੀਭਾਸ਼ਾ ਹੈ ?

(ੳ) ਜਨਰਲ ਕਲਾਜਵਿਟਜ਼ (ਅ) ਕੈਪਟਨ ਲਿਡਿਲ ਹਾਰਟ (ੲ) ਹਾਮਲੇ (ਸ) ਜਨਰਲ ਆਂਦਰੇ ਬੋਫਰੇ

iv : ਭਾਰਤ ਦੀਆਂ ਤਿੰਨੇ ਸੈਨਾਵਾਂ (ਜਲ, ਥਲ ਅਤੇ ਵਾਯੂ ਸੈਨਾ) ਦਾ ਸੁਪਰੀਮ ਕਮਾਂਡਰ ਕੌਣ ਹੁੰਦਾ ਹੈ ?

(ੳ) ਰਾਸ਼ਟਰਪਤੀ (ਅ) ਉਪ - ਰਾਸ਼ਟਰਪਤੀ (ੲ) ਪ੍ਰਧਾਨ ਮੰਤਰੀ (ਸ) ਰੱਖਿਆ ਮੰਤਰੀ

v : ਯੁੱਧਨੀਤੀ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ?

(ੳ) 2 (ਅ) 3 (ੲ) 4 (ਸ) 5

vi : ਯੁੱਧ ਤੋਂ ਪਹਿਲਾਂ ਬਣਾਈ ਜਾਣ ਵਾਲੀ ਯੋਜਨਾ ਨੂੰ ਕੀ ਕਿਹਾ ਜਾਂਦਾ ਹੈ ?

(ੳ) ਯੁੱਧਨੀਤੀ (ਅ) ਜੰਗੀ ਚਾਲ (ੲ) ਯੋਜਨਾ (ਸ) ਯੁੱਧਬੰਦੀ

vii : ਅਮਰੀਕਾ ਨੇ ਨਾਗਾਸਾਕੀ ਉੱਪਰ ਪ੍ਰਮਾਣੂ ਹਮਲਾ ਕਦੋਂ ਕੀਤਾ ਸੀ ?

(ੳ) 15 ਅਗਸਤ, 1945 (ਅ) 6 ਅਗਸਤ, 1945 (ੲ) 14 ਅਗਸਤ, 1945 (ਸ) 9 ਅਗਸਤ, 1945

viii : ਥਲ ਸੈਨਾ ਦਾ ਸਰਵ-ਉੱਚ ਰੈਂਕ ਕਿਹੜਾ ਹੁੰਦਾ ਹੈ ?

(ੳ) ਕੈਪਟਨ (ਅ) ਫੀਲਡ ਮਾਰਸ਼ਲ (ੲ) ਮੇਜਰ (ਸ) ਕਰਨਲ

ix : ਪੂਨੇ ਵਿਖੇ ਕਿਹੜਾ ਮੁੱਖ ਦਫਤਰ ਸਥਿਤ ਹੈ ?

(ੳ) Indian Armed Forces (ਅ) Boarder Security Forces (BSF)

(ੲ) Central Reserve Police Force (CRPF) (ਸ) Rashtriya Rifle

x : ਵਾਯੂ ਸੈਨਾ ਦਾ ਦਿਹਾੜਾ (Air Force Day) ਕਦੋਂ ਮਨਾਇਆ ਜਾਂਦਾ ਹੈ ?

(ੳ) 8 ਅਕਤੂਬਰ (ਅ) 4 ਦਸੰਬਰ (ੲ) 15 ਜਨਵਰੀ (ਸ) 15 ਅਗਸਤ

xi : "ਬਿਜਲੀ ਦੀ ਗਤੀ ਵਾਂਗ ਹਮਲਾ ਕਰਨਾ" ਕਿਹੜੀ ਯੁੱਧਨੀਤੀ ਕਹਿਲਾਉਂਦੀ ਹੈ ?

(ੳ) ਗੁਰੀਲਾ ਯੁੱਧਨੀਤੀ (ਅ) ਬਲਿਟਜ਼ ਕਰੀਗ ਨੀਤੀ (ੲ) ਤੁਲਗ਼ਮਾ ਯੁੱਧਨੀਤੀ (ਸ) ਥੋਖੇ ਵਾਲੀ ਨੀਤੀ

xii : ਭਾਰਤ ਅਤੇ ਚੀਨ ਦੀ ਸਰੱਹਦੀ ਸੀਮਾ ਦਾ ਕੀ ਨਾਮ ਹੈ ?

(ੳ) ਰੈੱਡ ਕਲਿਫ਼ ਲਾਈਨ (ਅ) ਮੈਕ-ਮੋਹਨ ਲਾਈਨ (ੲ) ਦੁਰੰਦ ਲਾਈਨ (ਸ) ਮੈਗੀਨੋਟ ਲਾਈਨ

xiii : ਬੰਗਲਾਦੇਸ਼ ਕਦੋਂ ਆਜ਼ਾਦ ਹੋਇਆ ਸੀ ?

Downloaded from cclchapter.com

(ੳ) 14 ਅਗਸਤ, 1947 (ਅ) 15 ਅਗਸਤ, 1947 (ੲ) 26 ਜਨਵਰੀ, 1950 (ਸ) 26 ਮਾਰਚ, 1971

xiv : ਹਤਫ਼ ਕਿਹੜੇ ਦੇਸ਼ ਦੀ ਮਿਜ਼ਾਇਲ ਹੈ ?

(ੳ) ਭਾਰਤ (ਅ) ਪਾਕਿਸਤਾਨ (ੲ) ਬੰਗਲਾਦੇਸ਼ (ਸ) ਚੀਨ

xv : ਵਿਵੇਕ ਰਾਮ ਚੋਧਰੀ ਕਿਹੜੀ ਸੈਨਾ ਦੇ ਮੁੱਖੀ ਹਨ ?

(ੳ) ਜਲ ਸੈਨਾ (ਅ) ਵਾਯੂ ਸੈਨਾ (ੲ) ਥਲ ਸੈਨਾ (ਸ) ਪੁਲਿਸ

xvi : ਅਮਰੀਕਾ ਨੇ ਹੀਰੋਸ਼ੀਮਾ ਉੱਪਰ ਪ੍ਰਮਾਣੂ ਹਮਲਾ ਕਦੋਂ ਕੀਤਾ ਸੀ ?

(ੳ) 9 ਅਗਸਤ, 1945 (ਅ) 6 ਅਗਸਤ, 1945 (ੲ) 14 ਅਗਸਤ, 1945 (ਸ) 15 ਅਗਸਤ, 1945

xvii : ਦੂਸਰਾ ਵਿਸ਼ਵ ਯੁੱਧ ਕਦੋਂ ਸਮਾਪਤ ਹੋਇਆ ਸੀ ?

(ੳ) 1947 (ਅ) 1939 (ੲ) 1945 (ਸ) 1946

xviii : ਯੁੱਧ ਦੇ ਦੌਰਾਨ ਵਰਤੀ ਜਾਣ ਵਾਲੀ ਯੋਜਨਾ ਨੂੰ ਕੀ ਕਿਹਾ ਜਾਂਦਾ ਹੈ ?

(ੳ)ਯੁੱਧਬੰਦੀ (ਅ) ਯੁੱਧਨੀਤੀ (ੲ) ਜੰਗੀ ਚਾਲ (ਸ) ਯੋਜਨਾ

xix : ਭਾਰਤ ਅਤੇ ਅਫ਼ਗਾਨੀਸਤਾਨ ਦੀ ਸਰਹੱਦੀ ਸੀਮਾ ਦਾ ਕੀ ਨਾਮ ਹੈ ?

(ੳ) ਰੈੱਡ ਕਲਿਫ਼ ਲਾਈਨ (ਅ) ਮੈਕ-ਮੋਹਨ ਲਾਈਨ (ੲ) ਦੁਰੰਦ ਲਾਈਨ (ਸ) ਲਾਈਨ ਆਫ਼ ਕੰਟਰੋਲ

xx : "ਅਚਾਨਕ ਹਮਲਾ ਕਰਨਾ" ਕਿਹੜੀ ਯੁੱਧਨੀਤੀ ਹੁੰਦੀ ਹੈ ?

(ੳ) ਥੋਖੇ ਵਾਲੀ ਨੀਤੀ (ਅ) ਤੁਲਗ਼ਮਾ ਯੁੱਧਨੀਤੀ (ੲ) ਬਲਿਟਜ਼ ਕਰੀਗ ਨੀਤੀ (ਸ) ਗੁਰੀਲਾ ਯੁੱਧਨੀਤੀ

xxi : ਕਿਹੜੇ ਦੇਸ਼ ਨੇ 1964 ਵਿੱਚ ਆਪਣਾ ਪਹਿਲਾ ਪ੍ਰਮਾਣੂ ਪ੍ਰੀਖਣ ਕੀਤਾ ਸੀ ?

(ੳ) ਭਾਰਤ (ਅ) ਪਾਕਿਸਤਾਨ (ੲ) ਚੀਨ (ਸ) ਰੂਸ

xxii : ਆਰਮੀ ਦਿਹਾੜਾ (Army Day) ਕਦੋਂ ਮਨਾਇਆ ਜਾਂਦਾ ਹੈ ?

(ੳ) 8 ਅਕਤੂਬਰ (ਅ) 4 ਦਸੰਬਰ (ੲ) 15 ਜਨਵਰੀ (ਸ) 15 ਅਗਸਤ

xxiii : ਲਾਈਨ ਆਫ ਕੰਟਰੋਲ ਕਿੱਥੇ ਸਥਿਤ ਹੈ ?

(ੳ) ਪਾਕਿਸਤਾਨ (ਅ) ਭਾਰਤ (ੲ) ਜੰਮੂ ਕਸ਼ਮੀਰ (ਸ) ਅਫ਼ਗਾਨੀਸਤਾਨ

xxiv : ਭਾਰਤ ਦੇ ਸਟਾਫ ਦੇ ਮੁੱਖੀਆਂ ਦੀ ਕਮੇਟੀ ਦੀ ਸਥਾਪਨਾ ਕਦੋਂ ਹੋਈ ਸੀ ?

(ੳ) 1947 (ਅ) 1948 (ੲ) 1949 (ਸ) 1950

xxv : ਨੈਪੋਲੀਅਨ ਨੇ ਕਿਹੜੀ ਥਿਊਰੀ ਲਿਖੀ ਹੈ ?

(ੳ) Strategic Theory (ਅ) Tactics Theory (ੲ) Grand Strategy (ਸ) Nation in Arms Theory

xxvi : ਪਹਿਲਾ ਵਿਸ਼ਵ ਯੁੱਧ ਕਦੋਂ ਸਮਾਪਤ ਹੋਇਆ ਸੀ ?

(ੳ) 1914 (ਅ) 1918 (ੲ) 1939 (ਸ) 1940

xxvii : ਜਲ ਸੈਨਾ ਦਾ ਸਰਵ-ਉੱਚ ਰੈਂਕ ਕਿਹੜਾ ਹੁੰਦਾ ਹੈ ?

(ੳ) ਐਡਮਿਰਲ (ਅ) ਕੈਪਟਨ (ੲ) ਵਾਇਸ ਐਡਮਿਰਲ (ਸ) ਲੈਫਟੀਨੈਂਟ

xxviii : ਭਾਰਤ ਅਤੇ ਪਾਕਿਸਤਾਨ ਦੀ ਸਰਹੱਦੀ ਸੀਮਾ ਦਾ ਕੀ ਨਾਮ ਹੈ ?

(ੳ) ਰੈੱਡ ਕਲਿਫ਼ ਲਾਈਨ (ਅ) ਮੈਕ-ਮੋਹਨ ਲਾਈਨ (ੲ) ਦੁਰੰਦ ਲਾਈਨ (ਸ) ਮੈਗੀਨੇਟ ਲਾਈਨ

xxix : ਨੇਵੀ ਦਿਹਾੜਾ (Navy Day) ਕਦੋਂ ਮਨਾਇਆ ਜਾਂਦਾ ਹੈ ?

(ੳ) 8 ਅਕਤੂਬਰ (ਅ) 4 ਦਸੰਬਰ (ੲ) 15 ਜਨਵਰੀ (ਸ) 15 ਅਗਸਤ

xxx : ਭਾਰਤੀ ਤੱਟ ਰੱਖਿਅਕ (Indian Coast Guard) ਦੀ ਸਥਾਪਨਾ ਕਦੋਂ ਹੋਈ ਸੀ ?

(ੳ) 1978 (ਅ) 1979 (ੲ) 1980 (ਸ) 1977

xxxi : ਨੇਪਾਲ ਦੀ ਰਾਜਧਾਨੀ ਦਾ ਕੀ ਨਾਮ ਹੈ ?

(ੳ) ਭੂਟਾਨ (ਅ) ਤਿੱਬਤ (ੲ) ਕਾਠਮੰਡੂ (ਸ) ਥਿੰਪੂ

xxxii : ਕੋਲੰਬੋ ਕਿਹੜੇ ਦੇਸ਼ ਦੀ ਰਾਜਧਾਨੀ ਹੈ ?

(ੳ) ਭੂਟਾਨ (ਅ) ਬੰਗਲਾਦੇਸ਼ (ੲ) ਮਿਆਂਮਾਰ (ਸ) ਸ਼੍ਰੀ ਲੰਕਾ 32×1=32

*ਭਾਗ - ਅ*

*ਪ੍ਰਸ਼ਨ-2: ਇਸ ਭਾਗ ਵਿੱਚ ਕੁੱਲ 4 ਪ੍ਰਸ਼ਨ ਹਨ ।*

i. ਕਿਸੇ ਦੋ ਭਾਰਤੀ ਮਿਜ਼ਾਇਲਾਂ ਦੇ ਨਾਮ ਲਿਖੋ ।

Downloaded from cclchapter.com

ii. ਭਾਰਤੀ ਹਵਾਈ ਸੈਨਾ ਦੀਆਂ ਕੋਈ ਦੋ ਕਮਾਂਡਾਂ ਦੇ ਨਾਮ ਲਿਖੋ।

iii. CDS ਅਤੇ MOD ਦਾ ਪੂਰਾ ਨਾਮ ਲਿਖੋ।

iv. ਭਾਰਤੀ ਜਲ ਸੈਨਾ ਦੇ ਜਹਾਜ਼ਾਂ ਦੇ ਕੋਈ ਦੋ ਪ੍ਰਕਾਰ ਲਿਖੋ। 4×2=8

**ਭਾਗ - ੲ**

*ਪ੍ਰਸ਼ਨ-3: ਇਸ ਭਾਗ ਵਿੱਚ ਕੁੱਲ 5 ਪ੍ਰਸ਼ਨ ਹਨ ।*

i. ਭਾਰਤੀ ਥਲ ਸੈਨਾ ਦੀਆਂ ਵਿਸ਼ੇਸ਼ਤਾਵਾਂ ਲਿਖੋ ।

ii. ਭਾਰਤੀ ਥਲ ਸੈਨਾ ਵਿੱਚ ਕਿਸੇ ਤਿੰਨ ਜੁਬਾਨੀ ਹੁਕਮਾਂ ਦੇ ਨਾਮ ਲਿਖੋ ।

iii. ਯੁੱਧਨੀਤੀ ਦੇ ਕੋਈ ਤਿੰਨ ਤੱਤ ਲਿਖੋ ।

iv. ਭਾਰਤ ਦੇ ਕੋਈ ਤਿੰਨ ਸਮੁੰਦਰੀ ਜਹਾਜ਼ਾਂ ਦੇ ਨਾਮ ਲਿਖੋ ।

v. ਭਾਰਤੀ ਹਵਾਈ ਸੈਨਾ ਦੇ ਸਭ ਤੋਂ ਉੱਚੇ ਤਿੰਨ ਰੈਂਕ ਦੇ ਨਾਮ ਲਿਖੋ । 5×3 = 15

**ਭਾਗ - ਸ**

*ਪ੍ਰਸ਼ਨ-4: ਇਸ ਭਾਗ ਵਿੱਚ ਕੁੱਲ 5 ਪ੍ਰਸ਼ਨ ਹਨ ।*

i. ਯੁੱਧਨੀਤੀ ਦੇ ਤੱਤਾਂ ਦਾ ਵਰਣਨ ਕਰੋ ।

ii. ਭਾਰਤ ਦੀ ਉੱਚ ਸੁਰੱਖਿਆ ਸੰਗਠਨ ਉਪਰ ਇਕ ਵਿਸਥਾਰਪੂਰਵਕ ਨੋਟ ਲਿਖੋ ।

iii. ਭਾਰਤ ਦੀ ਸੈਨਾ ਦੇ ਸੰਬੰਧ ਵਿੱਚ ਭਾਰਤ ਦੇ ਰਾਸ਼ਟਰਪਤੀ ਦੀਆਂ ਕਿਹੜੀਆਂ ਸ਼ਕਤੀਆਂ ਹਨ ।

iv. ਭਾਰਤ ਦੀ ਰਾਸ਼ਟਰੀ ਸੁਰੱਖਿਆ ਕੌਂਸਲ ਉਪਰ ਇੱਕ ਨੋਟ ਲਿਖੋ ।

v. ਭਾਰਤ ਦੀ ਜਲ ਸੈਨਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । 5×5 = 25

Downloaded from cclchapter.com